## ਪਾਠ-11

## ਦਾਤੇ (ਲੇਖਕ-ਸ੍ਰੀ ਕੁਲਵੰਤ ਸਿੰਘ ਵਿਰਕ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਗੀਤਾ ਦੇ ਘਰ ਦੀ ਹਾਲਤ ਏਨੀ ਖ਼ਰਾਬ ਕਿਉਂ ਸੀ?**

ਉੱਤਰ : ਗੀਤਾ ਦੇ ਪੰਜ ਬੱਚੇ ਹੋਣ ਕਾਰਨ ਉਸ ਦੇ ਘਰ ਦੀ ਹਾਲਤ ਏਨੀ ਖ਼ਰਾਬ ਸੀ।

**ਪ੍ਰਸ਼ਨ ਅ. ਗੀਤਾ ਦਾ ਪਰਿਵਾਰ ਗਰਮੀਆਂ ਵਿੱਚ ਸਰਦੀਆਂ ਨੂੰ ਅਤੇ ਸਰਦੀਆਂ ਵਿੱਚ ਗਰਮੀਆਂ ਨੂੰ ਕਿਉਂ ਉਡੀਕਦਾ ਸੀ?**

ਉੱਤਰ : ਗੀਤਾ ਦੇ ਪਰਿਵਾਰ ਕੋਲ਼ ਨਾ ਸਰਦੀਆਂ ਦੇ ਕੱਪੜੇ ਸਨ ਨਾ ਗਰਮੀਆਂ ਦੇ। ਇਸ ਲਈ ਉਹ ਸਰਦੀਆਂ ਵਿੱਚ ਗਰਮੀਆਂ ਨੂੰ ਅਤੇ ਗਰਮੀਆਂ ਵਿੱਚ ਸਰਦੀਆਂ ਨੂੰ ਉਡੀਕਦਾ ਸੀ।

**ਪ੍ਰਸ਼ਨ ੲ. ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਕਿਉਂ ਨਾ ਪਿਆ?**

ਉੱਤਰ : ਕਿਉਂਕਿ ਉਸ ਨੂੰ ਤਿੰਨਾਂ ਕੁੜੀਆਂ ਦੀਆਂ ਚੂੜੀਆਂ ਉੱਤੇ ਹੀ ਇੱਕ ਰੁਪਇਆ ਪੈਂਹਠ ਪੈਸੇ ਖ਼ਰਚਣੇ ਪੈ ਗਏ ਸਨ ਤੇ ਉਸ ਦੀ ਪੈਸੇ ਖ਼ਰਚਣ ਦੀ ਗੁੰਜ਼ਾਇਸ਼ ਘੱਟ ਹੋਣ ਕਾਰਨ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ।

**ਪ੍ਰਸ਼ਨ ਸ. ਬੱਚੇ ਆਪਣੀ ਮਾਤਾ ਲਈ ਚੂੜੀਆਂ, ਤੇਲ ਦੀ ਬੋਤਲ ਤੇ ਪਾਊਡਰ ਕਿਉਂ ਲੈ ਕੇ ਆਏ?**

ਉੱਤਰ : ਬੱਚੇ ਆਪਣੀ ਮਾਤਾ ਲਈ ਚੂੜੀਆਂ, ਤੇਲ ਦੀ ਬੋਤਲ ਤੇ ਪਾਊਡਰ ਇਸ ਕਰਕੇ ਲੈ ਕੇ ਆਏ, ਕਿਉਂਕਿ ਉਸ ਕੋਲ਼ ਨਾ ਤਾਂ ਇਹ ਚੀਜ਼ਾਂ ਸਨ ਨਾ ਹੀ ਉਸ ਦਾ ਇਹ ਚੀਜ਼ਾਂ ਖ਼ਰੀਦਣ ਦਾ ਹੌਸਲਾ ਪੈਂਦਾ ਸੀ।



**ਪ੍ਰਸ਼ਨ ਹ. ਇਸ ਕਹਾਣੀ ਵਿੱਚ ਦਾਤੇ ਕਿਸ ਨੂੰ ਕਿਹਾ ਗਿਆ ਹੈ ਤੇ ਕਿਉਂ?**

ਉੱਤਰ : ਇਸ ਕਹਾਣੀ ਵਿੱਚ ਦਾਤੇ ਬੱਚਿਆਂ ਨੂੰ ਕਿਹਾ ਗਿਆ ਹੈ, ਕਿਉਂਕਿ ਉਹ ਆਪਣੀ ਮਾਤਾ ਲਈ ਉਹ ਚੀਜ਼ਾਂ ਖ਼ਰੀਦਦੇ ਹਨ, ਜੋ ਉਹ ਆਪ ਖ਼ਰੀਦਣ ਦਾ ਹੌਸਲਾ ਨਹੀਂ ਸੀ ਕਰਦੀ।

### 2. ਖ਼ਾਲੀ ਥਾਂਵਾਂ ਭਰੋ :

1. ਇਸ ਗ਼ਰੀਬ ਘਰ ਵਿੱਚ ਉਨ੍ਹਾਂ ਦੀ ਆਪਣੀ ਵੱਖਰੀ ਹੀ **ਦੁਨੀਆ** ਸੀ।
2. ਤੂੰ ਮੰਮੀ ਦੀ **ਕਮੀਜ਼** ਪਾ ਲੈ ।
3. ਦਸਾਂ ਦਾ **ਨੋਟ** ਕੋਲ਼ ਹੋਣ ਕਾਰਨ ਸਾਰਾ ਸ਼ਹਿਰ ਉਨ੍ਹਾਂ ਨੂੰ ਆਪਣੀ ਮੁੱਠੀ ਵਿੱਚ ਜਾਪਦਾ ਸੀ।
4. ਨਾ ਭਾਈ, **ਮਠਿਆਈ** ਖਾ ਕੇ ਬਿਮਾਰ ਹੋ ਜਾਈਦਾ।
5. ਅੱਜ ਅਸੀਂ **ਮੰਮੀ** ਨੂੰ ਖ਼ੁਸ਼ ਕਰ ਦੇਣਾ ਏ।

### 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

1. **ਖ਼ੂਬਸੂਰਤ (ਸੁੰਦਰ)**- ਮੇਰੇ ਸਕੂਲ ਦੀ ਇਮਾਰਤ ਬਹੁਤ ਖ਼ੂਬਸੂਰਤ ਹੈ।
2. **ਭੁਲੇਖਾ (ਭਰਮ)**- ਕਈ ਲੋਕ ਭਰਮ-ਭੁਲੇਖੇ ਵਿੱਚ ਹੀ ਲੜਾਈ ਕਰ ਬੈਠਦੇ ਹਨ।
3. **ਪਸੰਦ (ਮਨ ਨੂੰ ਚੰਗੀ ਲੱਗਣਾ)**- ਮੈਨੂੰ ਪੰਜਾਬੀ ਵਿਸ਼ਾ ਬਹੁਤ ਪਸੰਦ ਹੈ।
4. **ਹੌਸਲਾ (ਦਲੇਰੀ)**- ਮੁਸੀਬਤ ਵਿੱਚ ਹੌਸਲੇ ਤੋਂ ਕੰਮ ਲਵੋ।
5. **ਸ਼ਲਾਘਾ (ਪ੍ਰਸੰਸਾ)**- ਚੰਗੇ ਪੇਪਰ ਹੋਣ ਕਾਰਨ ਅਧਿਆਪਕ ਨੇ ਮੇਰੀ ਸ਼ਲਾਘਾ ਕੀਤੀ।
6. **ਸੁਗਾਤ (ਤੋਹਫ਼ਾ)**- ਮੇਰੇ ਜਨਮ ਦਿਨ ਉੱਤੇ ਮੈਨੂੰ ਪਾਪਾ ਨੇ ਇੱਕ ਸੁਗਾਤ ਦਿੱਤੀ।
7. **ਪੋਟਲ਼ੀ (ਛੋਟੀ ਗੱਠੜੀ)**- ਸਾਧੂ ਕੋਲ਼ ਇੱਕ ਪੋਟਲ਼ੀ ਸੀ।
8. **ਨਮੂਨਾ (ਮਾਡਲ)**- ਗਲੋਬ, ਧਰਤੀ ਦਾ ਇੱਕ ਨਮੂਨਾ ਹੈ।

### 4. ਸਹੀ/ ਗ਼ਲਤ ਦੀ ਚੋਣ ਕਰੋ :

1. ਗੀਤਾ ਦੇ ਘਰ ਦੀ ਹਾਲਤ ਬਹੁਤ ਚੰਗੀ ਸੀ। **(ਗ਼ਲਤ)**
2. ਗੀਤਾ ਦੇ ਪਰਿਵਾਰ ਕੋਲ਼ ਗਰਮੀਆਂ ਤੇ ਸਰਦੀਆਂ ਲਈ ਕਾਫ਼ੀ ਕੱਪੜੇ ਹਨ। **(ਗ਼ਲਤ)**

3. ਤਿੰਨ ਕੁੜੀਆਂ ਦੀਆਂ ਚੂੜੀਆਂ ਦੇ ਪੈਸੇ ਇੱਕ ਰੁਪਇਆ ਪੈਂਹਠ ਪੈਸੇ ਬਣ ਗਏ ਹਨ। **(ਸਹੀ)**

## 5. ਵਿਆਕਰਨ :

ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦੇ ਹੋਣ ਜਾਂ ਕਰਨ ਦਾ ਸਮੇਂ ਸਮੇਤ ਪਤਾ ਲੱਗੇ ਉਹ ਕਿਰਿਆ ਅਖਵਾਉਂਦੇ ਹਨ; ਜਿਵੇਂ:- **ਗਿਆ**, **ਆਇਆ**, **ਜਾਵੇਗਾ**, **ਪੜ੍ਹਦਾ**, **ਖੇਡਦਾ** ਆਦਿ।

### ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦ ਕਿਰਿਆ ਹਨ :

- ਫਿਰ ਉਸ ਬੋਤਲ ਵਿੱਚ ਸਰੋਂ ਦਾ ਤੇਲ **ਪਾ ਲਿਆ ਗਿਆ**।
- ਸਰਦੀਆਂ ਵਿੱਚ ਉਹ ਗਰਮੀਆਂ ਨੂੰ **ਉਡੀਕਦੇ** ਕਿਉਂ ਜੋ ਉਦੋਂ ਗਰਮ ਕੱਪੜੇ ਨਹੀਂ **ਪਾਉਣੇ ਪੈਣਗੇ**।
- ਸਵੇਰੇ ਉਹ ਦੁੱਧ **ਲੈ ਲੈਂਦੇ** ਪਰ ਸਾਰਾ ਦਿਨ ਉਹ **ਪੀਂਦਾ** ਕੋਈ ਨਾ।
- ਗੀਤਾ ਨੂੰ ਆਪ ਚੂੜੀਆਂ **ਚੜ੍ਹਾਉਣ** ਦਾ ਹੌਸਲਾ ਨਾ **ਪਿਆ**।
- ਬੱਚੇ ਘਰ ਵਿੱਚ **ਖੇਡ ਰਹੇ ਸਨ**।
- ਸੂਰਜ ਉਹਨਾਂ ਨੂੰ **ਖਿਡਾਉਣ** ਲਈ ਹੀ **ਚੜ੍ਹਿਆ ਹੋਵੇ**।
- ਸਾਰਿਆਂ ਨੇ ਇੱਕ ਵਾਰ **ਕਿਹਾ**, "**ਚੱਲੋ**, ਬਜ਼ਾਰ **ਚੱਲੀਏ**।